**ਦਫ.ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ**
**ਪੰ.ਸ.ਸਿੱ.ਬੋ. ਕੰਪਲੈਕਸ,ਈ ਬਲਾਕ,ਛੇਵੀਂ ਮੰਜਿਲ,ਸੈਕਟਰ-62,ਸ.ਅ.ਸ ਨਗਰ**

---

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ./ ਸੈ.ਸਿ)
ਸਮੂਹ ਬਲਾਕ ਪ੍ਰਾਇਮਰੀ ਅਫਸਰ
ਸਮੂਹ ਡੀ.ਐਮ,ਬੀ.ਐਮ,ਸੀ.ਐਮ.ਟੀ,ਬੀ.ਐਮ.ਟੀ.(ਪ.ਪੰ.ਪ.ਪੰ.)
ਸਮੂਹ ਸਕੂਲ ਮੁਖੀ (ਵੈੱਬ ਸਾਇਟ ਰਾਹੀਂ)

ਮੀਮੋ ਨੰ. 1/17-2018-ਐਸ.ਈ/2019
ਮਿਤੀ: ਸ.ਅ.ਸਨਗਰ,27-12-2019

**ਵਿਸ਼ਾ: ਸ਼ੈਸ਼ਨ 2019-20 ਦੌਰਾਨ ਤੀਜੀ ਤੋਂ ਦੱਸਵੀਂ ਜਮਾਤ ਲਈ ਲਰਨਿੰਗ ਆਊਟ ਕਮ ਸਿਸਟਮ ਰਾਹੀਂ ਫਰਵਰੀ -2020 ਮੁਲਾਂਕਣ ਅਤੇ ਤੀਜੀ,ਚੌਥੀ,ਛੇਵੀਂ,ਸੱਤਵੀਂ,ਨੌਵੀ ਅਤੇ ਗਿਆਰਵੀਂ ਜਮਾਤਾਂ ਦੀ ਸਾਲਾਨਾ ਪ੍ਰੀਖਿਆ ਮਾਰਚ-2020 ਸੰਬਧੀ।**

ਉਪਰੋਕਤ ਵਿਸ਼ੇ ਸੰਬਧੀ ਤੀਜੀ ਤੋਂ ਦੱਸਵੀਂ ਜਮਾਤ ਲਈ ਲਰਨਿੰਗ ਆਊਟ ਕਮ ਸਿਸਟਮ ਰਾਹੀਂ **ਫਰਵਰੀ-2020 ਮੁਲਾਂਕਣ** ਕਰਵਾਉਣ ਲਈ ਹੇਠ ਅਨੁਸਾਰ ਡੇਟਸ਼ੀਟ(ਲਿਖਤੀ) ਜਾਰੀ ਕੀਤੀ ਜਾਂਦੀ ਹੈ

| ਮਿਤੀ | ਜਮਾਤ | | | | | | | |
|---|---|---|---|---|---|---|---|---|
| | ਤੀਸਰੀ | ਚੌਥੀ | ਪੰਜਵੀਂ | ਛੇਵੀਂ | ਸੱਤਵੀਂ | ਅੱਠਵੀਂ | ਨੌਵੀ | ਦੱਸਵੀਂ |
| 03-02-20 | ਗਣਿਤ | ਅੰਗਰੇਜ਼ੀ | ਅੰਗਰੇਜ਼ੀ | ਅੰਗਰੇਜ਼ੀ | ਗਣਿਤ | ਪੰਜਾਬੀ | ਸ਼ਮਾਜਿਕ ਵਿਗਿਆਨ | ਹਿੰਦੀ |
| 04-02-20 | ----- | ਗਣਿਤ | ਹਿੰਦੀ | ਹਿੰਦੀ | ਸਾਇੰਸ | ਸਮਾਜਿਕ ਵਿਗਿਆਨ | ਗਣਿਤ | ਪੰਜਾਬੀ-ਏ |
| 05-02-20 | ਅੰਗਰੇਜ਼ੀ | ਹਿੰਦੀ | ਗਣਿਤ | ਸਮਾਜਿਕ ਵਿਗਿਆਨ | ਪੰਜਾਬੀ | ਹਿੰਦੀ | ਹਿੰਦੀ | ਪੰਜਾਬੀ-ਬੀ |
| 06-02-20 | ਪੰਜਾਬੀ | ਵਾਤਾਵਰਣ | ਪੰਜਾਬੀ | ਪੰਜਾਬੀ | ਸਮਾਜਿਕ ਵਿਗਿਆਨ | ਸਾਇੰਸ | ਅੰਗਰੇਜੀ | ਸਾਇੰਸ |
| 07-02-20 | ਵਾਤਾਵਰਣ | ਪੰਜਾਬੀ | ਵਾਤਾਵਰਣ | ਗਣਿਤ | ਅੰਗਰੇਜੀ | ਅੰਗਰੇਜੀ | ਪੰਜਾਬੀ-ਬੀ | ਅੰਗਰੇਜੀ |
| 10-02-20 | ----- | ----- | ------ | ਸਾਇੰਸ | ਹਿੰਦੀ | ਗਣਿਤ | ਪੰਜਾਬੀ- ਏ | ਗਣਿਤ |
| 11-02-20 | ----- | ------ | ------ | ----- | ------ | ----- | ਸਾਇੰਸ | ਸਮਾਜਿਕ ਵਿਗਿਆਨ |

Mal

ਮਾਰਚ-2020 ਲਈ ਤੀਜੀ,ਚੌਥੀ,ਛੇਵੀਂ,ਸੱਤਵੀਂ,ਨੌਵੀਂ ਅਤੇ ਗਿਆਰਵੀਂ ਜਮਾਤਾਂ ਦੇ ਸਾਲਾਨਾ ਇਮਤਿਹਾਨਾਂ ਲਈ ਡੇਟਸ਼ੀਟ(ਲਿਖਤੀ) ਹੇਠ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

| ਮਿਤੀ | ਜਮਾਤ | | | | |
|---|---|---|---|---|---|
| | ਤੀਸਰੀ | ਚੌਥੀ | ਛੇਵੀਂ | ਸੱਤਵੀਂ | ਨੌਵੀ |
| 07-03-20 | ------ | ------ | ਗਣਿਤ | ਅੰਗਰੇਜ਼ੀ | ਗਣਿਤ |
| 09-03-20 | ------ | ------ | ਅੰਗਰੇਜ਼ੀ | ਗਣਿਤ | ਅੰਗਰੇਜ਼ੀ |
| 11-03-20 | ------ | ------- | ਹਿੰਦੀ | ਪੰਜਾਬੀ | ਹਿੰਦੀ |
| 12-03-20 | ------ | ------- | ਪੰਜਾਬੀ | ਹਿੰਦੀ | ਪੰਜਾਬੀ -ਏ |
| 13-03-20 | ਗਣਿਤ | ਅੰਗਰੇਜ਼ੀ | ਸਮਾਜਿਕ ਵਿਗਿਆਨ | ਵਿਗਿਆਨ | ਪੰਜਾਬੀ -ਬੀ |
| 16-03-20 | ਅੰਗਰੇਜ਼ੀ | ਗਣਿਤ | ਵਿਗਿਆਨ | ਸਮਾਜਿਕ ਵਿਗਿਆਨ | ਸਮਾਜਿਕ ਵਿਗਿਆਨ |
| 18-03-20 | ਪੰਜਾਬੀ | ਵਾਤਾਵਰਣ | ----- | ---- | ਵਿਗਿਆਨ |
| 20-03-20 | ਵਾਤਾਵਰਣ | ਪੰਜਾਬੀ | ------ | ------ | ------- |
| 21-03-20 | ---- | ਹਿੰਦੀ | ------ | ----- | ------- |
| 23-03-20 | ਆਮ ਗਿਆਨ | ਆਮ ਗਿਆਨ | ----- | ---- | ---- |

ਉਪਰੋਕਤ ਮੁਲਾਂਕਣਾਂ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਕੀਤੀਆਂ ਜਾਂਦੀਆਂ ਹਨ:

1. ਫਰਵਰੀ-2020, ਮਾਰਚ-2020 ਮੁਲਾਂਕਣ ਦਾ ਸਮਾਂ ਸਵੇਰੇ 10.00 ਤੋਂ 1.15 ਵਜੇ ਤੱਕ (3 ਘੰਟੇ 15 ਮਿੰਟ) ਹੋਵੇਗਾ।ਪ੍ਰਾਇਮਰੀ ਜਮਾਤਾਂ ਲਈ ਸਮਾਂ ਸਵੇਰੇ 10.00 ਤੋਂ 12.45 ਵਜੇ ਤੱਕ (2 ਘੰਟੇ 45 ਮਿੰਟ) ਹੋਵੇਗਾ।ਇਸ ਸਮੇਂ ਵਿੱਚ 15 ਮਿੰਟ ਵਿਦਿਆਰਥੀ ਨੂੰ ਪ੍ਰਸ਼ਨਪੱਤਰ ਪੜ੍ਹਨ ਲਈ ਦਿੱਤੇ ਜਾਣ।ਵਿਲਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਹਰੇਕ ਇੱਕ ਘੰਟੇ ਪਿੱਛੇ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਵੇ।
2. ਫਰਵਰੀ-2020 ਅਤੇ ਮਾਰਚ-2020 ,ਮੁਲਾਂਕਣ ਦੀ ਮਾਰਕਿੰਗ ਸੰਬਧਤ ਅਧਿਆਪਕ ਦੁਆਰਾ ਹੀ ਕੀਤੀ ਜਾਵੇਗੀ।
3. ਫਰਵਰੀ -2020 ਮੁਲਾਕਣ ਲਈ ਤੀਜੀ ਤੋਂ ਦੱਸਵੀਂ ਜਮਾਤ ਦੇ ਰਾਜ ਪੱਧਰੀ ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਲਈ ਰਾਜ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂ.ਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਨੂੰ ਸ਼ਾਮਿਲ ਕੀਤਾ ਜਾਵੇਗਾ।ਰਾਜ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂ.ਲ(ਪੰ.ਸ.ਸਿ.ਬੋ.)** ਦੇ ਤੀਜੀ,ਚੌਥੀ ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਹੀ ਮੁਲਾਂਕਣ ਟੂਲ (**ਪ੍ਰਸ਼ਨਪੱਤਰ ਕਮ ਉੱਤਰਪੱਤਰੀਆਂ**) ਪਰਤੂੰ ਅੱਠਵੀਂ ਜਮਾਤ ਲਈ ਕੇਵਲ ਪ੍ਰਸ਼ਨਪੱਤਰਮੁੱਖ ਦਫਤਰ(ਪੜ੍ਹੋ ਪੰਜਾਬ,ਪੜ੍ਹਾਓ ਪੰਜਾਬ) ਵੱਲੋਂ ਕੇਂਦਰੀਕ੍ਰਿਤ ਪ੍ਰਣਾਲੀ ਰਾਹੀਂ ਮੁਹਇਆ ਕਰਵਾਏ ਜਾਣਗੇ।ਛੇਵੀਂ,ਸੱਤਵੀਂ,ਨੌਵੀ ਅਤੇ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਮੁਲਾਂਕਣ ਟੂਲ ਸਾਫਟ ਰੂਪ ਵਿੱਚ ਪੜ੍ਹੋ ਪੰਜਾਬ,ਪੜ੍ਹਾਓ ਵੱਲੋਂ ਮੁਹਇਆ ਕਰਵਾਏ ਜਾਣਗੇ।
4. ਮਾਰਚ-2020 ਮੁਲਾਂਕਣ ਲਈ ਤੀਜੀ,ਚੌਥੀ,ਛੇਵੀਂ,ਸੱਤਵੀਂ ਅਤੇ ਨੌਵੀਂ ਜਮਾਤਾਂ ਦੇ ਰਾਜ ਪੱਧਰੀ ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਲਈ ਰਾਜ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂ.ਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਨੂੰ ਸ਼ਾਮਿਲ ਕੀਤਾ ਜਾਵੇਗਾ।ਇਨ੍ਹਾਂ ਜਮਾਤ ਦੇ ਵਿਦਿਆਰਥੀਆਂ ਲਈ ਮੁਲਾਂਕਣ ਟੂਲ ਸਾਫਟ ਰੂਪ ਵਿੱਚ ਪੜ੍ਹੋ ਪੰਜਾਬ,ਪੜ੍ਹਾਓ ਵੱਲੋਂ ਮੁਹਇਆ ਕਰਵਾਏ ਜਾਣਗੇ।
5. ਫਰਵਰੀ-2020 ਅਤੇ ਮਾਰਚ-2020 ਮੁਲਾਂਕਣ ਲਈ **ਸਾਰਾ ਸਿਲੇਬਸ** ਅਪ੍ਰੈਲ ਤੋਂ ਫਰਵਰੀ ਤੱਕ ਸ਼ੈਸ਼ਨ 2019-20 ਅਨੁਸਾਰ ਹੋਵੇਗਾ।

6. ਫਰਵਰੀ-2019 ਮੁਲ਼ਾਕਣ ਲਈ ਤੀਜੀ,ਚੌਥੀ, ਪੰਜਵੀਂ ਅਤੇ ਅੱਠਵੀਂ ਦੇ ਸਮੂਹ **ਸਰਕਾਰੀ ਸਕੂਲਾਂ ਅਤੇ 11 ਆਦਰਸ਼ ਸਕੂ਼ਲ(ਪੰ.ਸ.ਸਿ.ਬੋ.)** ਦੇ ਵਿਦਿਆਰਥੀਆਂ ਲਈ ਤੀਜੀ ਤੋਂ ਪੰਜਵੀਂ ਜਮਾਤ ਦੇ ਪੰਜ ਵਿਸ਼ੇ ਪੰਜਾਬੀ (ਪਹਿਲੀ ਭਾਸ਼ਾ),ਹਿੰਦੀ (ਦੂਜੀ ਭਾਸ਼ਾ),ਅੰਗਰੇਜ਼ੀ,ਗਣਿਤ ਅਤੇ ਵਾਤਾਵਰਨ ;ਇਸੇ ਤਰ੍ਹਾਂ ਅੱਠਵੀਂ ਜਮਾਤ ਦੇ ਛੇ ਵਿਸ਼ੇ ਪੰਜਾਬੀ (ਪਹਿਲੀ ਭਾਸ਼ਾ),ਹਿੰਦੀ ਦੂਜੀ ਭਾਸ਼ਾ,ਅੰਗਰੇਜ਼ੀ,ਗਣਿਤ ,ਵਿਗਿਆਨ ਅਤੇ ਸਮਾਜਿਕ ਵਿਗਿਆਨ ਦੇ ਮੂਲਾਂਕਣ ਟੂਲ ਦਫ.ਐਸ.ਸੀ.ਈ.ਆਰ.ਟੀ,ਪੰਜਾਬ ਵੱਲੋਂ ਮੁਹਇਆ ਕਰਵਾਏ ਜਾਣਗੇ।ਬਾਕੀ ਰਹਿੰਦੇ ਵਿਸ਼ਿਆਂ ਦੇ ਮੁਲਾਂਕਣ ਟੂਲ ਸਕੂਲ ਪੱਧਰ ਤੇ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੇ ਜਾਣਗੇ।ਇਸੇ ਤਰ੍ਹਾਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ (children with Special Needs) ਲਈ ਵੀ ਮੁਲਾਂਕਣ ਟੂਲ ਸਕੂਲ ਪੱਧਰ ਤੇ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੇ ਜਾਣਗੇ।ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ (children with Special Needs) ਲਈ ਲੋੜ ਪੈਣ ਤੇ ਲਿਖਾਰੀ ਦਾ ਪ੍ਰਬੰਧ ਸਕੂਲ ਮੁੱਖੀ ਵੱਲੋਂ ਕੀਤਾ ਜਾਵੇ।
7. ਫਰਵਰੀ-2020 ਅਤੇ ਮਾਰਚ-2020 ਮੁ਼ਲਾਂਕਣ ਲਈ ਤੀਜੀ ਤੋਂ ਪੰਜਵੀਂ ਜਮਾਤ ਦਾ ਮੁਲਾਂਕਣ ਸੰਬਧਤ ਜਿਲ੍ਹਾ ਸਿੱਖਿਆ ਅਫਸਰ ( ਐ.ਸਿ) ਅਤੇ ਛੇਵੀਂ ਤੋਂ ਦੱਸਵੀਂ ਜਮਾਤ ਦਾ ਮੁਲਾਂਕਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਕੰਡਕਟ ਕਰਵਾਇਆ ਜਾਵੇ।
8. ਫਰਵਰੀ -2020 ਮੁਲਾਂਕਣ ਲਈ ਤੀਜੀ,ਚੌਥੀ,ਪੰਜਵੀਂ ਅਤੇ ਅੱਠਵੀਂ ਜਮਾਤ ਦੇ ਮੁਲਾਂਕਣ ਲਈ ਪ੍ਰਸ਼ਨ ਪੱਤਰ ਕਮ ਉੱਤਰ ਪੱਤਰੀਆਂ ਮੁੱਖ ਦਫਤਰ ਵੱਲੋਂ 10% ਵਾਧੇ ਸਮੇਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਵੱਲੋਂ ਅੱਠਵੀਂ ਅਤੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਤੀਜੀ,ਚੌਥੀ ਅਤੇ ਪੰਜਵੀਂ ਜਮਾਤ ਲਈ ਜਿਲ੍ਹੇ / ਬਲਾਕ ਵਿੱਚ ਨਿਰਧਾਰਤ ਇੱਕ ਕੇਂਦਰ ਉੱਪਰ ਗਿਣਤੀ ਮੁਤਾਬਿਕ ਪਹੁੰਚਾ ਦਿੱਤੀਆਂ ਜਾਣਗੀਆਂ ਜਿਨ੍ਹਾਂ ਦੀ ਅੱਗੋਂ ਵਿਸ਼ਾਵਾਰ ਅਤੇ ਗਿਣਤੀ ਅਨੁਸਾਰ ਵੰਡ ਕਰਨਾ ਅਤੇ ਸਥਾਪਿਤ ਕੀਤੇ ਗਏ ਮੁਲਾਂਕਣ ਕੇਂਦਰਾ ਉੱਪਰ ਸੁਰੱਖਿਅਤ ਪਹੁੰਚਾਉਣਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਜਿੰਮੇਵਾਰੀ ਹੋਵੇਗੀ।
9. ਮੁਲਾਂਕਣ ਟੂਲਾਂ ਨੂੰ ਸਕੂਲਾਂ ਤੱਕ ਪਹੁੰਚਾਉਣਾ ਸਮੂਹ ਡੀ.ਐਮ,ਬੀ.ਐਮ,ਸੀ.ਐਮ.ਟੀ,ਬੀ.ਐਮ.ਟੀ ਦੀ ਜਿੰਮੇਵਾਰੀ ਹੋਵੇਗੀ।
10. ਮਾਰਕਿੰਗ ਉਪਰੰਤ ਅੰਕ ਸਮੂਹ ਡੀ.ਐਮ,ਬੀ.ਐਮ,ਸੀ.ਐਮ.ਟੀ ਅਤੇ ਬੀ.ਐਮ.ਟੀ ਈ ਪੰਜਾਬ ਸਕੂਲ ਪੋਟਰਲ ਤੇ ਅਪਲੋਡ ਕਰਨਗੇ।
11. ਕੰਪਿਊਟਰ ਸਾਇੰਸ,ਸਰੀਰਿਕ ਸਿੱਖਿਆ ਅਤੇ ਚੋਣਵੇਂ ਵਿਸ਼ੇ ਦਾ ਮੁਲਾਂਕਣ ਸਕੂਲ ਮੁੱਖੀ ਦੁਆਰਾ ਸਹੂਲਤ ਅਨੁਸਾਰ ਕਰਵਾਇਆ ਜਾਵੇਗਾ ਇਸਦੇ ਮੁਲਾਂਕਣ ਟੂਲ ਸੰਬਧਤ ਅਧਿਆਪਕ ਦੁਆਰਾ ਹੀ ਤਿਆਰ ਕੀਤੇ ਜਾਣਗੇ।
12. ਪ੍ਰੈਕਟਿਲ ਵਿਸ਼ਿਆਂ ਦੇ ਪ੍ਰੈਕਟਿਕਲ ਮੁਲਾਂਕਣ ਤੋਂ ਬਾਅਦ ਸਕੂਲ ਮੁੱਖੀ ਦੁਆਰਾ ਸਹੂਲਤ ਅਨੁਸਾਰ ਕਰਵਾਇਆ ਜਾਵੇਗਾ ਇਸਦੇ ਮੁਲਾਂਕਣ ਟੂਲ ਸੰਬਧਤ ਅਧਿਆਪਕ ਦੁਆਰਾ ਹੀ ਤਿਆਰ ਕੀਤੇ ਜਾਣਗੇ।
13. ਫਰਵਰੀ-2020 ਮੁਲਾਂਕਣ ਲਈ ਗਿਆਰਵੀਂ ਅਤੇ ਬਾਰਵੀਂ ਜਮਾਤ ਦਾ ਮੁਲਾਂਕਣ ਸਕੂਲ ਮੁੱਖੀ ਦੁਆਰਾ ਸਹੂਲਤ ਅਨੁਸਾਰ ਕਰਵਾਇਆ ਜਾਵੇਗਾ ਇਸਦੇ ਮੁਲਾਂਕਣ ਟੂਲ ਸੰਬਧਤ ਅਧਿਆਪਕ ਦੁਆਰਾ ਹੀ ਤਿਆਰ ਕੀਤੇ ਜਾਣਗੇ।ਡੇਟਸ਼ੀਟ ਸਕੂਲ ਮੁਖੀ ਦੁਆਰਾ ਤੈਅ ਕੀਤੀ ਜਾਵੇਗੀ।
14. ਮਾਰਚ-2020 ਮੁਲਾਂਕਣ ਲਈ ਗਿਆਰਵੀਂ ਜਮਾਤ ਦਾ ਮੁਲਾਂਕਣ ਸਕੂਲ ਮੁੱਖੀ ਦੁਆਰਾ ਸਹੂਲਤ ਅਨੁਸਾਰ ਕਰਵਾਇਆ ਜਾਵੇਗਾ ਇਸਦੇ ਮੁਲਾਂਕਣ ਟੂਲ ਸੰਬਧਤ ਅਧਿਆਪਕ ਦੁਆਰਾ ਹੀ ਤਿਆਰ ਕੀਤੇ ਜਾਣਗੇ।ਡੇਟਸ਼ੀਟ ਸਕੂਲ ਮੁਖੀ ਦੁਆਰਾ ਤੈਅ ਕੀਤੀ ਜਾਵੇਗੀ।
15. ਪਹਿਲੀ ਅਤੇ ਦੂਜੀ ਜਮਾਤਾਂ ਦੀ ਡੇਟਸ਼ੀਟ ਉਕਤ ਮਿਤੀਆਂ ਅਨੁਸਾਰ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੀ ਜਾਵੇਗੀ।

Mal

16. ਪ੍ਰਾਇਮਰੀ ਜਮਾਤਾਂ ਲਈ ਡੇਟਸ਼ੀਟ ਵਿੱਚ ਜਿਸ ਦਿਨ ਛੁੱਟੀ ਹੈ ਉਸ ਦਿਨ ਵਿਦਿਆਰਥੀ ਸਕੂਲ ਆਉਣਗੇ ਅਤੇ ਸੰਬਧਤ ਅਧਿਆਪਕ ਅਗਲੇ ਪੇਪਰ ਦੀ ਤਿਆਰੀ ਕਰਵਾਉਣਾ ਯਕੀਨੀ ਬਣਾਉਣਗੇ।

ਡਾਇਰੈਕਟਰ

ਐਸ.ਸੀ.ਈ.ਆਰ.ਟੀ,ਪੰਜਾਬ

ਪਿੱਠ ਅੰਕਣਨੰ: ਉਕਤ ਮਿਤੀ:ਸ.ਅ.ਸਨਗਰ, 27-12-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1.ਪੀ.ਏ ਟੂ ਸਕੱਤਰ ਸਕੂਲ ਸਿੱਖਿਆ,ਪੰਜਾਬ
2.ਪੀ.ਏ.ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ,ਪੰਜਾਬ।
3.ਪੀ.ਏ.ਟੂ ਡੀ.ਪੀ.ਆਈ (ਸੈ.ਸਿ.)
4. ਸਟੇਟ ਕੋਆਰਡੀਨੇਟਰ (ਪੰਜਾਬੀ,ਹਿੰਦੀ,ਅੰਗਰੇਜ਼ੀ,ਗਣਿਤ,ਸਾਇੰਸ,ਸਮਾਜਿਕ ਵਿਗਿਆਨ(ਪ,ਪੰ,ਪ,ਪੰ.)
5.ਡੀ.ਐਮ. (ਐਮ.ਆਈ.ਐਸ.ਵਿੰਗ) ਵੈੱਬਸਾਇਟ ਤੇ ਅਪਲੋਡ ਕਰਨ ਲਈ।

ਡਾਇਰੈਕਟਰ

ਐਸ.ਸੀ.ਈ.ਆਰ.ਟੀ,ਪੰਜਾਬ